**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ,**
**ਵਣ ਭਵਨ, ਸੈਕਟਰ-68, ਮੋਹਾਲੀ।**
**ਜਨਤਕ ਸੂਚਨਾ**

ਇਸ਼ਤਿਹਾਰ ਨੰਬਰ 03 ਆਫ 2020 ਰਾਹੀਂ ਪ੍ਰਕਾਸ਼ਿਤ ਕੀਤੀਆਂ ਗਈਆਂ ਸਹਾਇਕ ਸੁਪਰਡੰਟ/ਪਰਖ ਅਫਸਰ/ਭਲਾਈ ਅਫਸਰ ਦੀਆਂ ਕੁੱਲ 48 ਅਸਾਮੀਆਂ ਲਈ ਸ਼ਰੀਰਿਕ ਮਾਪ ਟੈਸਟ ਅਤੇ ਸ਼ਰੀਰਿਕ ਯੋਗਤਾ ਟੈਸਟ ਮਿਤੀ 02 ਮਾਰਚ 2021 ਨੂੰ ਸਪੋਰਟਸ ਕੰਪਲੈਕਸ, ਸੈਕਟਰ-78, ਮੋਹਾਲੀ ਵਿਖੇ ਆਯੋਜਿਤ ਕੀਤਾ ਗਿਆ ਸੀ। ਇਸ ਟੈਸਟ ਸਬੰਧੀ ਵੱਖ-ਵੱਖ ਰਿਜਰਵ ਸ਼੍ਰੇਣੀਆਂ ਵਿੱਚ ਸਮੇਤ ਇਸਤਰੀ ਰਾਖਵੇਂਕਰਨ ਅਨੁਸਾਰ ਪ੍ਰਕਾਸ਼ਿਤ ਕੀਤੀਆਂ ਗਈਆਂ ਅਸਾਮੀਆਂ ਵਿਰੁੱਧ ਯੋਗ ਉਮੀਦਵਾਰਾ ਘੱਟ ਉਪਲਬੱਧ ਹੋਏ ਹਨ।

2. ਬੋਰਡ ਵੱਲੋਂ ਇਹ ਟੈਸਟ ਵੱਖ-ਵੱਖ ਰਿਜਰਵ ਸ਼੍ਰੇਣੀਆਂ ਵਿੱਚ ਸਮੇਤ ਇਸਤਰੀ ਰਾਖਵੇਂਕਰਨ ਨੂੰ ਪੂਰਾ ਕਰਨ ਲਈ ਮੁੜ **ਮਿਤੀ 16 ਮਾਰਚ 2021 ਦਿਨ ਮੰਗਲਵਾਰ ਨੂੰ ਸਪੋਰਟਸ ਕੰਪਲੈਕਸ, ਸੈਕਟਰ-78, ਮੋਹਾਲੀ ਵਿਖੇ ਸਵੇਰੇ 08:00 ਵਜੇ** ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਟੈਸਟ ਵਿੱਚ ਸੱਦੇ ਜਾਣ ਵਾਲੇ ਉਮੀਦਵਾਰਾ ਦੀ ਸੂਚੀ **'Annexure-B'** ਤੇ ਦੇਖੀ ਜਾ ਸਕਦੀ ਹੈ।

3. ਇਸ ਟੈਸਟ ਵਿੱਚ ਮਿਤੀ 02 ਮਾਰਚ 2021 ਨੂੰ Absent/Non-Participants ਉਮੀਦਵਾਰ ਵੀ **'Annexure-A'** ਅਨੁਸਾਰ ਹਾਜਰ ਹੋ ਸਕਦੇ ਹਨ।

4. ਇਸ ਸ਼ਰੀਰਿਕ ਮਾਪ ਟੈਸਟ ਅਤੇ ਸ਼ਰੀਰਿਕ ਯੋਗਤਾ ਟੈਸਟ ਵਿੱਚ ਗੈਰ-ਹਾਜਰ ਰਹਿਣ ਵਾਲੇ ਉਮੀਦਵਾਰਾ ਨੂੰ ਦੁਬਾਰਾ ਕੋਈ ਮੌਕਾ ਨਹੀ ਦਿੱਤਾ ਜਾਵੇਗਾ।

**ਉਮੀਦਵਾਰਾਂ ਦੇ ਧਿਆਨ ਰੱਖਣ ਹਿੱਤ ਅਤਿ ਜਰੂਰੀ ਹਦਾਇਤਾਂ:-**

1) ਉਮੀਦਵਾਰ ਆਪਣੀ ਪਾਸਪੋਰਟ ਸਾਈਜ਼ ਤਾਜਾ ਰੰਗਦਾਰ ਫੋਟੋ, ਐਡਮਿਟ ਕਾਰਡ ਅਤੇ ਸ਼ਨਾਖਤੀ ਕਾਰਡ(ਅਧਾਰ ਕਾਰਡ, ਡਰਾਇਵਿੰਗ ਲਾਇਸੰਸ, ਪਾਸਪੋਰਟ,ਵੋਟਰ ਕਾਰਡ ਆਦਿ) ਇਸ ਟੈਸਟ ਦੌਰਾਨ ਸਬੂਤ ਵੱਜੋਂ ਪੇਸ਼ ਕਰਨਗੇ। ਉਮੀਦਵਾਰ Physical Measurement Test and Physical Efficiency Test ਲਈ ਐਡਮਿਟ ਕਾਰਡ ਬੋਰਡ ਦੀ ਵੈਬਸਾਈਟ www.sssb.punjab.gov.in ਤੋਂ download ਕਰ ਸਕਦੇ ਹਨ।

2) ਇਸ ਟੈਸਟ ਵਿੱਚ ਭਾਗ ਲੈਣ ਵਾਲੇ ਸਾਬਕਾ ਫੌਜੀ (ਖੁਦ) ਸ਼੍ਰੇਣੀ ਦੇ ਉਮੀਦਵਾਰ ਆਪਣੀ ਕੈਟਾਗਰੀ ਨਾਲ ਸਬੰਧਤ ਸਮਰੱਥ ਅਥਾਰਿਟੀ ਵੱਲੋਂ ਜਾਰੀ ਕੀਤਾ ਦਸਤਾਵੇਜ਼ ਵੀ ਸਬੂਤ ਵੱਜੋ ਪੇਸ਼ ਕਰਨਗੇ।

4) ਸ਼ਰੀਰਿਕ ਮਾਪ ਟੈਸਟ ਅਤੇ ਸ਼ਰੀਰਿਕ ਯੋਗਤਾ ਟੈਸਟ ਲਈ ਲਿਖਤੀ ਪ੍ਰੀਖਿਆ ਵਿੱਚ ਪ੍ਰਾਪਤ ਅੰਕਾਂ ਦੇ ਅਧਾਰ ਤੇ ਤਿਆਰ ਮੈਰਿਟ ਸੂਚੀ (ਅਨੁਲੱਗ ੳ ਅਤੇ ਅਨੁਲੱਗ ਅ) ਬੜੇ ਹੀ ਸਾਵਧਾਨੀਪੂਰਵਕ ਬਣਾਈ ਗਈ ਹੈ, ਫਿਰ ਵੀ ਜੇਕਰ ਇਸ ਵਿੱਚ ਕੋਈ ਤਰੁਟੀ ਸਾਹਮਣੇ ਆਉਂਦੀ ਹੈ ਤਾਂ ਇਸ ਵਿੱਚ ਸੋਧ ਕਰਨ ਦਾ ਅਧਿਕਾਰ ਬੋਰਡ ਕੋਲ ਰਾਖਵਾਂ ਹੋਵੇਗਾ।

5) ਇਸ ਟੈਸਟ ਵਿੱਚ ਭਾਗ ਲੈਣ ਵਾਲੇ ਸਮੂਹ ਉਮੀਦਵਾਰ ਸਰਕਾਰ ਵੱਲੋਂ ਕੋਵਿਡ (COVID-19) ਦੇ ਸਬੰਧ ਵਿੱਚ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਦੀ ਪਾਲਣਾ ਕਰਨਗੇ।

ਸਥਾਨ:ਮੋਹਾਲੀ।
ਮਿਤੀ:09.03.2021

ਸਹੀ/-
ਸਕੱਤਰ
ਅ.ਸੇ.ਚੋ.ਬੋ,ਪੰਜਾਬ